ISSN: 2584-0509



# ਪਾਤਰ ਦੀ ਵਾਰਤਕ ਬਨਾਮ ਚਿੰਤਨਸ਼ੀਲ ਸੁਰਜੀਤ



ਸੰਦੀਪ ਰਾਣਾ
ਸਹਾਇਕ ਪ੍ਰੋਫੈਸਰ,
ਭਸ਼ਾਵਾਂ ਵਿਭਾਗ
ਪੰਜਾਬੀ ਯੂਨੀਵਰਸਿਟੀ
ਗੁਰੂ ਕਾਸ਼ੀ ਕੈਂਪਸ,
ਤਲਵੰਡੀ ਸਾਬੋ।
+91 98728-87551

ਪੰਜਾਬੀ ਸਾਹਿਤ ਦੇ ਖੇਤਰ ਵਿੱਚ ਸੁਰਜੀਤ ਪਾਤਰ ਦਾ ਨਾਂ ਇਕ ਨਾਮਵਰ ਕਵੀ ਅਤੇ ਗੀਤਕਾਰ ਵਜੋਂ ਜਾਣਿਆ ਜਾਂਦਾ ਹੈ। ਉਸ ਦੀ ਕਵਿਤਾ ਹਮੇਸ਼ਾ ਸਮਾਜ ਦੇ ਯਥਾਰਥ ਨੂੰ ਦਰਸਾਉਂਦੀ ਮੰਨੀ ਗਈ ਹੈ ਜਿਸ ਵਿੱਚ ਰਾਜਨੀਤਕ ਮਸਲਿਆਂ, ਸਮਾਜ ਦੀਆਂ ਸਮੱਸਿਆਵਾਂ ਅਤੇ ਆਰਥਕ ਚੁਣੌਤੀਆਂ ਦੇ ਨਾਲ਼ ਮਨੁੱਖੀ ਮਨ ਦੀਆਂ ਭਾਵਨਾਵਾਂ ਵੀ ਵਿਅਕਤ ਹੋਈਆਂ ਹਨ। ਉਸ ਨੇ ਆਪਣੀ ਕਵਿਤਾ ਵਿੱਚ ਮਾਨਵਵਾਦੀ ਦ੍ਰਿਸ਼ਟੀਕੋਣ ਵਰਤਦੇ ਹੋਏ ਮਾਨਵਵਾਦੀ ਕਦਰਾਂ ਕੀਮਤਾਂ ਦੀ ਗੱਲ ਕੀਤੀ ਹੈ ਅਤੇ ਮਨੁੱਖੀ ਅਧਿਕਾਰਾਂ ਨੂੰ ਤਰਜੀਹ ਦਿੱਤੀ ਹੈ। ਉਸ ਦੀ ਕਵਿਤਾ ਵਿਲੱਖਣ ਸ਼ੈਲੀ ਅਤੇ ਪ੍ਰਭਾਵਸ਼ਾਲੀ ਭਾਸ਼ਾ ਲਈ ਸਾਹਿਤਕ ਖਿੱਤਿਆਂ ਵਿੱਚ ਹਮੇਸ਼ਾ ਲੋਕਪ੍ਰਿਅ ਰਹੀ ਹੈ। ਜਿਥੇ ਉਸ ਦੀ ਕਵਿਤਾ ਵਿੱਚ ਸਾਧਾਰਨ ਪ੍ਰਤੀਕਾਂ ਦੀ ਮੱਦਦ ਨਾਲ਼ ਗੁੱਝੀਆਂ ਗੱਲਾਂ ਦੀ ਪੇਸ਼ਕਾਰੀ ਹੋਈ ਮਿਲਦੀ ਹੈ ਉਥੇ ਹੀ ਸਾਦੇ ਜਿਹੇ ਲਫ਼ਜ਼ਾਂ ਵਿੱਚ ਤਿੱਖੇ ਵਿਅੰਗ ਵੀ ਉਸ ਦਾ ਸ਼ਿੰਗਾਰ ਬਣਦੇ ਹਨ। ਇਹਨਾਂ ਕਲਾਤਮਕ ਗੁਣਾਂ ਕਾਰਨ ਹੀ ਉਸ ਦੀਆਂ ਰਚਨਾਵਾਂ ਮਕਬੂਲੀਅਤ ਦੇ ਸਿਖ਼ਰ ਮੁਕਾਮ ਨੂੰ ਪ੍ਰਾਪਤ ਕਰ ਸਕੀਆਂ। ਉਸ ਦੇ ਕਾਵਿ-ਸੰਗ੍ਰਹਿ ਹਮੇਸ਼ਾ ਪਾਠਕਾਂ ਦੀ ਮੰਗ ਬਣਦੇ ਰਹੇ ਅਤੇ ਉਸ ਦੀ ਕਵਿਤਾ ਦੀ ਵਿਲੱਖਣਤਾ ਕਾਰਨ ਉਸ ਨੂੰ ਸਮੇਂ-ਸਮੇਂ 'ਤੇ ਕਈ ਸਨਮਾਨ ਵੀ ਮਿਲੇ ਹਨ। ਉਸ ਦੀਆਂ ਪੁਸਤਕਾਂ ਵਿੱਚੋਂ "ਹਵਾ ਵਿੱਚ ਲਿਖੇ ਹਰਫ਼", "ਬਿਰਖ ਅਰਜ਼ ਕਰੇ", "ਹਨੇਰੇ ਵਿੱਚ ਸੁਲਗਦੀ ਵਰਣਮਾਲਾ", "ਲਫ਼ਜ਼ਾਂ ਦੀ ਦਰਗਾਹ", "ਪੱਤਝੜ ਦੀ ਪਾਜ਼ੇਬ", "ਸੁਰਜ਼ਮੀਨ", "ਅੱਗ ਦੇ ਕਲੀਰੇ" ਅਤੇ "ਹੁਕਮੀ ਦੀ ਹਵੇਲੀ" ਜ਼ਿਕਰਯੋਗ ਹਨ ਅਤੇ ਇਹਨਾਂ ਪੁਸਤਕਾਂ ਵਿਚੋਂ "ਕੁਝ ਕਿਹਾ ਤਾਂ...", "ਮੇਰੀ ਕਵਿਤਾ", "ਮੈਂ ਜਦ ਏਸ ਦਿਸ਼ਾ ਵਲ ਤੁਰਦਾਂ", "ਮਰ ਰਹੀ ਹੈ ਮੇਰੀ ਭਾਸ਼ਾ", "ਜੇ ਆਈ ਪਤਝੜ ਤਾਂ ਫੇਰ ਕੀ ਸੀ" ਅਤੇ "ਸੁੰਨੇ ਸੁੰਨੇ ਰਾਹਾਂ ਵਿੱਚ.." ਕਵਿਤਾਵਾਂ ਪਾਠਕਾਂ ਵਿੱਚ ਬਹੁਤ ਮਕਬੂਲ ਹਨ। ਉਸ ਨੇ ਆਪਣੀਆਂ ਕਵਿਤਾਵਾਂ, ਗੀਤਾਂ ਅਤੇ ਗ਼ਜ਼ਲਾਂ ਕਾਰਨ ਪੰਜਾਬੀ ਸਾਹਿਤ ਵਿਚ ਜੋ ਵਿਸ਼ੇਸ਼ ਮੁਕਾਮ ਹਾਸਲ ਕੀਤਾ ਅਤੇ ਉਹੀ ਮੁਕਾਮ ਉਸ ਨੇ ਆਪਣੀ ਸ਼ਖ਼ਸੀਅਤ, ਬੋਲੀ ਦੀ ਮਿਠਾਸ ਅਤੇ ਹਲੀਮੀ ਕਾਰਨ ਆਪਣੇ ਸਮਕਾਲੀ ਸਾਹਿਤਕਾਰਾਂ ਦੀਆਂ ਮਿਲਣੀਆਂ ਅਤੇ ਹੋਰ ਮਹਿਫ਼ਲਾਂ ਦੀ ਜਿੰਦ ਜਾਨ ਬਣ ਕੇ ਪ੍ਰਾਪਤ ਕੀਤਾ ਹੈ। ਇਹਨਾਂ ਅਦਬੀ ਮਹਿਫ਼ਲਾਂ ਵਿੱਚ ਜਦ ਉਹ ਆਪਣੀਆਂ ਕਵਿਤਾਵਾਂ ਦਾ ਪਾਠ ਕਰਦਾ ਤਾਂ ਸਰੋਤਿਆਂ ਦੇ ਨਾਲ਼ ਨਾਲ਼ ਸ਼ਿਰਕਤ ਕਰਨ ਲਈ ਬੈਠੇ ਕਵੀ ਵੀ ਕੀਲੇ ਜਾਂਦੇ। ਇਹਨਾਂ ਮਿਲਣੀਆਂ ਅਤੇ ਮਹਿਫ਼ਲਾਂ ਵਿੱਚ ਉਸ ਦਾ ਚਿੰਤਨਸ਼ੀਲ

ਜ਼ਿਹਨ ਆਪਣੀਆਂ ਕਵਿਤਾਵਾਂ ਦਾ ਪਾਠ ਕਰਦੇ ਹੋਏ ਵੀ ਸਾਥੀ ਸਾਹਿਤਕਾਰਾਂ ਤੋਂ ਕੁਝ ਨਾ ਕੁਝ ਪ੍ਰਾਪਤ ਕਰਦਾ ਰਹਿੰਦਾ।

ਕਵਿਤਾਵਾਂ ਦੀਆਂ ਇਹਨਾਂ ਪੁਸਤਕਾਂ ਤੋਂ ਇਲਾਵਾ ਸੁਰਜੀਤ ਪਾਤਰ ਦੀ ਇਕੋ ਇਕ ਵਾਰਤਕ ਪੁਸਤਕ "ਸੂਰਜ ਮੰਦਰ ਦੀਆਂ ਪੌੜੀਆਂ" ਵੀ ਪ੍ਰਕਾਸ਼ਿਤ ਹੋਈ ਹੈ ਜੋ ਲੋਕਗੀਤ ਪ੍ਰਕਾਸ਼ਨ ਦੁਆਰਾ 2011 ਵਿੱਚ ਛਾਪੀ ਗਈ ਸੀ। ਉਸ ਦੀ ਵਾਰਤਕ ਦੀ ਇਹ ਪੁਸਤਕ ਉਸਦੀ ਸਾਹਿਤਕਾਰੀ ਅਤੇ ਉਸ ਦੀ ਸਿਰਜਣ ਪ੍ਰਕ੍ਰਿਆ ਨੂੰ ਸਮਝਣ ਵਿੱਚ ਸਹਾਈ ਹੋਈ ਹੈ। ਉਸ ਨੇ ਇਸ ਪੁਸਤਕ ਨੂੰ ਵਾਰਤਕ ਰਚਨਾਵਾਂ ਦੀ ਪੁਸਤਕ ਕਿਹਾ ਹੈ। ਪਰੰਤੂ ਇਸ ਛੋਟੀ ਜਿਹੀ ਜਾਣ-ਪਛਾਣ ਨਾਲ਼ ਇਸ ਪੁਸਤਕ ਦੀ ਵਿਧਾ ਬਾਰੇ ਕਿਸੇ ਅੰਤਿਮ ਨਿਰਣੇ 'ਤੇ ਨਹੀਂ ਪੁੱਜਿਆ ਜਾ ਸਕਦਾ। ਇਹ ਸੱਚ ਹੈ ਕਿ ਇਸ ਪੁਸਤਕ ਵਿੱਚ ਵਾਰਤਕ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ ਪਰ ਇਹਨਾਂ ਰਚਨਾਵਾਂ ਵਿੱਚ ਨਿਬੰਧ, ਰੇਖਾ-ਚਿੱਤਰ, ਸ੍ਵੈ-ਜੀਵਨੀ ਅੰਸ਼, ਸਫ਼ਰਨਾਮਾ ਅਤੇ ਸੰਸਮਰਣ ਵਾਰਤਕ ਵਿਧਾਵਾਂ ਰਲਗੱਡ ਹੋਈਆਂ ਹਨ। ਲੇਖਕ ਨੇ ਆਪ ਵੀ ਪੁਸਤਕ ਦੀ ਸ਼ੁਰੂਆਤ ਵਿੱਚ ਲਿਖੀ ਆਦਿਕਾ ਵਿੱਚ ਇਹ ਗੱਲ ਦੱਸੀ ਹੈ। ਉਹ ਲਿਖਦਾ ਹੈ- ਇਨ੍ਹਾਂ ਰਚਨਾਵਾਂ ਵਿੱਚ ਮੇਰੀਆਂ ਸੋਚਾਂ ਹਨ, ਮੇਰੀਆਂ ਯਾਦਾਂ ਹਨ, ਮੇਰੇ ਸਫ਼ਰ ਹਨ, ਮੇਰੀ ਕਵਿਤਾ ਦਾ ਪਿਛੋਕੜ ਹੈ, ਉਸਦੀਆਂ ਜੜ੍ਹਾਂ, ਉਸਦੇ ਸੋਮੇ ਤੇ ਉਸਦਾ ਧਰਾਤਲ।[1] ਇਸ ਤੋਂ ਇਲਾਵਾ ਇਹ ਰਚਨਾਵਾਂ ਪੂਰਨ ਰੂਪ ਵਿੱਚ ਵਾਰਤਕ ਰਚਨਾਵਾਂ ਇਸ ਕਰਕੇ ਵੀ ਸਿੱਧ ਨਹੀਂ ਹੁੰਦੀਆਂ ਕਿ ਇਕ ਕਵੀ ਹੋਣ ਦੇ ਨਾਤੇ ਲੇਖਕ ਵਾਰਤਕ ਲਿਖਦੇ-ਲਿਖਦੇ ਵੀ ਕਾਵਿ ਸ਼ੈਲੀ ਅਪਣਾ ਲੈਂਦਾ ਹੈ। ਇਹ ਗੱਲ ਉਸ ਨੇ ਆਪ ਵੀ ਮੰਨੀ ਹੈ ਕਿ ਵਾਰਤਕ ਲਿਖਦੇ ਹੋਏ ਵੀ ਉਸ ਦੀਆਂ ਕਵਿਤਾਵਾਂ ਰਚਨਾ ਵਿੱਚ ਘੁਲ ਹੀ ਜਾਂਦੀਆਂ ਰਹੀਆਂ ਹਨ। ਇਸ ਪੁਸਤਕ ਨੂੰ ਰਚਣ ਪਿੱਛੇ ਕੰਮ ਕਰ ਰਹੇ ਮਨੋਰਥ ਅਤੇ ਇਸ ਪੁਸਤਕ ਦਾ ਸਿਰਲੇਖ "ਸੂਰਜ ਮੰਦਰ ਦੀਆਂ ਪੌੜੀਆਂ" ਚੁਣਨ ਪਿੱਛੇ ਕੰਮ ਕਰ ਰਹੇ ਕਾਰਨਾਂ ਨੂੰ ਵੀ ਲੇਖਕ ਨੇ ਸਪੱਸ਼ਟ ਕੀਤਾ ਹੈ। ਇਸ ਪੁਸਤਕ ਦੀ ਆਦਿਕਾ ਵਿੱਚ ਉਹ ਇਸ ਗੱਲ ਨੂੰ ਵੀ ਪਾਠਕਾਂ ਸਾਹਮਣੇ ਰੱਖਦਾ ਹੈ। ਉਹ ਲਿਖਦਾ ਹੈ-

ਸ਼ਾਇਦ 1991 ਦੀ ਗੱਲ ਹੈ। ਭੁਵਨੇਸ਼ਵਰ ਵਿੱਚ ਰਾਜਿੰਦਰ ਪਾਂਡੇ ਨੇ ਸਿਰਜਣਾ ਯੱਗ ਕਰਵਾਇਆ। ਪੰਜਾਬੀ ਵੱਲੋਂ ਇਸ ਵਿੱਚ ਡਾ. ਹਰਿਭਜਨ ਸਿੰਘ, ਸੰਤੋਖ ਸਿੰਘ ਧੀਰ, ਮਨਜੀਤ ਟਿਵਾਣਾ, ਨ੍ਰਿਪਇੰਦਰ ਰਤਨ, ਜਸਵੰਤ ਸਿੰਘ ਨੇਕੀ ਤੇ ਮੈਂ ਸ਼ਾਮਲ ਹੋਏ। ਅਸੀਂ ਸਾਰੇ ਰਾਜ ਭਵਨ ਵਿੱਚ ਠਹਿਰੇ। ਇਸੇ ਦੌਰਾਨ ਮੈਨੂੰ ਇਨ੍ਹਾਂ ਸਾਰਿਆਂ ਦੀ ਲੰਬੀ ਸੁਹਬਤ ਦਾ

ਮਾਣ ਹਾਸਲ ਹੋਇਆ। ਖ਼ਾਸ ਕਰ ਡਾ. ਹਰਿਭਜਨ ਸਿੰਘ ਹੋਰਾਂ ਨੂੰ ਮੈਂ ਸਵੇਰ ਸ਼ਾਮ ਜ਼ਰੂਰ ਮਿਲਦਾ। ਉਨ੍ਹੀਂ ਦਿਨੀਂ ਉਹ ਹਰ ਪਲ ਕਵਿਤਾ ਸਰੂਪ ਸਨ। ਅਸੀਂ ਸੂਰਜ ਮੰਦਰ ਦੇਖਣ ਗਏ ਤਾਂ ਪਤਾ ਨਹੀਂ ਕਿਉਂ ਮੈਨੂੰ ਡਾ. ਹਰਿਭਜਨ ਸਿੰਘ ਕਹਿਣ ਲੱਗੇ: ਸੁਰਜੀਤ ਆ ਏਥੇ ਸੂਰਜ ਮੰਦਰ ਦੀਆਂ ਪੌੜੀਆਂ ਤੇ ਬੈਠ ਕੇ ਫੋਟੋ ਖਿਚਾਉਂਦੇ ਹਾਂ, ਇਹ ਗੱਲ ਤਾਂ ਮੈਂ ਕਹਿਣੀ ਚਾਹੁੰਦਾ ਸਾਂ ਪਰ ਮੇਰੇ ਕਹਿਣ ਤੋਂ ਪਹਿਲਾਂ ਹੀ ਡਾ. ਸਾਹਿਬ ਨੇ ਕਹਿ ਦਿੱਤੀ। ਮੈਂ ਭੁਵਨੇਸ਼ਵਰ ਤੋਂ ਆ ਕੇ ਡਾ. ਹਰਿਭਜਨ ਸਿੰਘ ਦੀ ਇਸ ਦੁਰਲੱਭ ਸੁਹਬਤ ਬਾਰੇ ਇੱਕ ਲੇਖ ਲਿਖਿਆ 'ਸੂਰਜ ਮੰਦਰ ਦੀਆਂ ਪੌੜੀਆਂ'। ਇਹ ਮੇਰੀ ਪਹਿਲੀ ਵਾਰਤਕ ਰਚਨਾ ਸੀ। ਵਾਰਤਕ ਤਾਂ ਮੈਂ ਇਸ ਤੋਂ ਪਹਿਲਾਂ ਵੀ ਲਿਖੀ ਪਰ ਉਹ ਵਾਰਤਕ ਤਾਂ ਸੀ ਰਚਨਾ ਨਹੀਂ ਸੀ। ਇਸ ਪੁਸਤਕ ਦਾ ਨਾਮ ਸੂਰਜ ਮੰਦਰ ਦੀਆਂ ਪੌੜੀਆਂ ਰੱਖਣ ਦਾ ਕਾਰਨ ਏਹੀ ਹੈ।[2]

ਇਸ ਪੁਸਤਕ 'ਚ ਲੇਖਕ ਨੇ ਕੁਲ 28 ਵਾਰਤਕ ਰਚਨਾਵਾਂ ਸ਼ਾਮਲ ਕੀਤੀਆਂ ਹਨ। ਇਹਨਾਂ ਰਚਨਾਵਾਂ ਦੀ ਵਿਸ਼ੇ ਅਤੇ ਵਿਧਾ ਦੇ ਆਧਾਰ 'ਤੇ ਵੰਡ ਕੀਤੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਹਨਾਂ ਰਚਨਾਵਾਂ ਵਿੱਚੋਂ ਲਗਭਗ ਅੱਧੀਆਂ ਰਚਨਾਵਾਂ ਨਾਮਵਰ ਸ਼ਖ਼ਸੀਅਤਾਂ ਬਾਰੇ ਹਨ। ਇਹ ਰਚਨਾਵਾਂ ਰੇਖਾ-ਚਿੱਤਰ ਰੂਪ ਵਿੱਚ ਲਿਖੀਆਂ ਮੰਨੀਆਂ ਜਾ ਸਕਦੀਆਂ ਹਨ। ਡਾ. ਹਰਿਭਜਨ ਸਿੰਘ 'ਤੇ ਲਿਖੀ ਰਚਨਾ "ਸੂਰਜ ਮੰਦਰ ਦੀਆਂ ਪੌੜੀਆਂ" ਤੋਂ ਇਲਾਵਾ ਇਸ ਪੁਸਤਕ ਵਿੱਚ ਸ.ਸ.ਮੀਸ਼ਾ, ਕੁਲਵੰਤ ਸਿੰਘ ਵਿਰਕ, ਅਮਰਜੀਤ ਗਰੇਵਾਲ, ਸੰਤ ਸਿੰਘ ਸੇਖੋਂ, ਪ੍ਰੋ. ਮੋਹਨ ਸਿੰਘ, ਦੀਦਾਰ ਸਿੰਘ ਪਰਦੇਸੀ, ਸੁਖਵਿੰਦਰ ਅੰਮ੍ਰਿਤ, ਸ਼ਿਵ ਕੁਮਾਰ ਬਟਾਲਵੀ, ਗੁਲਜਾਰ ਸਿੰਘ ਸੰਧੂ, ਅਜਾਇਬ ਚਿਤਰਕਾਰ ਅਤੇ ਕ੍ਰਿਸ਼ਨ ਅਦੀਬ ਦੇ ਨਾਲ਼ ਨਾਲ਼ ਨੀਲਮ ਮਾਨ ਅਤੇ ਜੋਹਨ ਕੀਟਸ ਦੇ ਚਰਿੱਤਰ, ਵਿਅਕਤਿਤਵ ਅਤੇ ਸਾਹਿਤ ਕਲਾਵਾਂ ਬਾਰੇ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ। ਇਹਨਾਂ ਰੇਖਾ-ਚਿੱਤਰ ਰੂਪੀ ਰਚਨਾਵਾਂ ਦੀ ਪੜ੍ਹਤ ਵੱਲ ਵਧਦਿਆਂ ਇਕ ਪਾਠਕ ਇਹਨਾਂ ਹਸਤੀਆਂ ਦੀਆਂ ਸ਼ਖ਼ਸੀਅਤਾਂ ਦੇ ਕਈ ਅਣਗੌਲਿਆਂ ਪਹਿਲੂਆਂ ਤੋਂ ਜਾਣੂ ਹੁੰਦਾ ਹੈ। ਮਨੋਵਿਗਿਆਨ ਅਨੁਸਾਰ ਇਹ ਗੱਲ ਸਿੱਧ ਹੋਈ ਹੈ ਕਿ ਕਿਸੇ ਵੀ ਦੂਜੇ ਵਿਅਕਤੀ ਨੂੰ ਪਰਖਣ ਲਈ ਹਰ ਵਿਅਕਤੀ ਆਪਣੀ ਸ਼ਖ਼ਸੀਅਤ ਅਨੁਸਾਰ ਹੀ ਨਿਰਣਾ ਕਰਦਾ ਹੈ ਅਰਥਾਤ ਹਰ ਵਿਅਕਤੀ ਦਾ ਆਪਣਾ ਵਿਅਕਤਿਤਵ ਹੀ ਹੁੰਦਾ ਹੈ ਕਿ ਉਹ ਆਪਣੇ ਸਾਹਮਣੇ ਵਿਚਰ ਰਹੇ ਵਿਅਕਤੀ ਦੀ ਸ਼ਖਸੀਅਤ ਦੇ ਕਿਹੜੇ ਪੱਖ ਵੇਖਦਾ ਹੈ ਅਤੇ ਕਿਵੇਂ ਉਸ ਵਿਅਕਤੀ ਤੋਂ ਪ੍ਰਭਾਵਿਤ ਹੁੰਦਾ ਹੈ।[3] ਇਸ ਲਈ ਜਦੋਂ ਸੁਰਜੀਤ ਪਾਤਰ ਇਹਨਾਂ ਸਭ ਸ਼ਖ਼ਸੀਅਤਾਂ ਬਾਰੇ ਲਿਖਦਾ ਹੈ ਤਾਂ ਇਕ

ਪਾਠਕ ਉਹਨਾਂ ਦੂਸਰੇ ਵਿਅਕਤੀ ਦੇ ਨਾਲ਼ ਸੁਰਜੀਤ ਪਾਤਰ ਦੀ ਸ਼ਖ਼ਸੀਅਤ ਦੇ ਕਈ ਪਹਿਲੂਆਂ ਨੂੰ ਵੀ ਜਾਣਦਾ ਹੈ। ਇਹ ਵੀ ਸੱਚ ਹੈ ਕਿ ਵਿਅਕਤੀ ਦੀ ਸ਼ਖ਼ਸੀਅਤ, ਉਮਰ ਅਤੇ ਅਹੁਦੇ ਅਨੁਸਾਰ ਲੇਖਕ ਦੀ ਲੇਖਨ ਸ਼ੈਲੀ ਵੀ ਬਦਲਦੀ ਹੈ ਅਤੇ ਰਚਨਾਤਮਕ ਭਾਵ ਵੀ ਬਦਲਦੇ ਹਨ। "ਮੀਸ਼ੇ ਨਾਲ਼ ਆਖ਼ਰੀ ਮਿਲਣੀ" ਸਿਰਲੇਖ ਹੇਠ ਸ਼ਾਮਲ ਕੀਤੀ ਗਈ ਰਚਨਾ ਵਿੱਚ ਜਦ ਲੇਖਕ ਮੀਸ਼ੇ ਦੀ ਮੋਹਭਰੀ ਸ਼ਖ਼ਸੀਅਤ ਬਾਰੇ, ਉਸ ਨੂੰ ਆਪਣੇ ਕਾਲਜ ਵਿੱਚ ਮਿਲਣ ਬਾਰੇ ਅਤੇ ਉਸ ਦੀ ਮੌਤ ਬਾਰੇ ਗੱਲ ਕਰਕੇ ਭਾਵੁਕ ਹੁੰਦਾ ਹੈ ਤਾਂ ਪਾਠਕ ਮੀਸ਼ੇ ਦੇ ਨਾਲ਼ ਸੁਰਜੀਤ ਪਾਤਰ ਦੀ ਭਾਵੁਕ ਸ਼ਖ਼ਸੀਅਤ ਦੇ ਦਰਸ਼ਨ ਵੀ ਕਰਦਾ ਹੈ। ਇਸੇ ਤਰ੍ਹਾਂ ਜਦ ਉਹ ਕੁਲਵੰਤ ਸਿੰਘ ਵਿਰਕ, ਸੰਤ ਸਿੰਘ ਸੇਖੋਂ, ਪ੍ਰੋ. ਮੋਹਨ ਸਿੰਘ ਅਤੇ ਸ਼ਿਵ ਕੁਮਾਰ ਵਰਗੇ ਪੰਜਾਬੀ ਸਾਹਿਤ ਦੇ ਦਿੱਗ਼ਜਾਂ ਨਾਲ਼ ਹੋਈਆਂ ਮਿਲਣੀਆਂ ਬਾਰੇ ਲਿਖਦਾ ਹੈ ਅਤੇ ਪਾਠਕ ਨੂੰ ਉਹਨਾਂ ਦੀ ਲਿਆਕਤ ਨਾਲ਼ ਕਾਇਲ ਤਾਂ ਕਰਦਾ ਹੈ, ਉਸ ਸਮੇਂ ਉਹ ਉਹਨਾਂ ਦਿੱਗ਼ਜਾਂ ਪ੍ਰਤਿ ਆਪਣੇ ਜ਼ਿਹਨ ਵਿੱਚਲੇ ਆਦਰ-ਮਾਣ ਨੂੰ ਵੀ ਪਾਠਕਾਂ ਤਕ ਪ੍ਰਵਾਹਿਤ ਕਰ ਦਿੰਦਾ ਹੈ। ਉਦਾਹਰਣ ਵਜੋਂ ਸੁਰਜੀਤ ਪਾਤਰ ਵੱਲੋਂ ਪ੍ਰੋ. ਮੋਹਨ ਸਿੰਘ ਦੀ ਕਾਵਿ ਕਲਾ ਦੀ ਗੱਲ ਕਰਦਿਆਂ ਉਸ ਨੂੰ ਉੱਚ ਕੋਟੀ ਦਾ ਕਵੀ ਸਿੱਧ ਕਰਦਾ ਹੈ। ਇਹ ਮੋਹਨ ਸਿੰਘ ਹੋਰਾਂ ਦੀ ਜ਼ਿੰਦਗੀ ਦੀ ਸ਼ਾਮ ਸੀ, ਜਿਸ ਦੌਰਾਨ ਪੰਜ ਵਰ੍ਹੇ ਮੈਂ ਉਨ੍ਹਾਂ ਨੂੰ ਕਦੀ ਸੂਹੇ, ਕਦੀ ਕਿਰਮਚੀ, ਕਦੀ ਕਲਭਰਮੇ, ਕਦੀ ਜਗਦੇ ਤੇ ਕਦੀ ਬੁਝਦੇ ਰੰਗਾਂ ਵਿੱਚ ਦੇਖਿਆ। ਰੰਗਾਂ ਦਾ ਮੋਹਨ ਸਿੰਘ ਬਹੁਤ ਸ਼ਨਾਸ ਸੀ। ਕਿਸੇ ਹੋਰ ਪੰਜਾਬੀ ਕਵੀ ਨੇ ਰੰਗਾਂ ਦੇ ਏਨੇ ਨਾਮ ਆਪਣੀ ਸ਼ਾਇਰੀ ਵਿੱਚ ਨਹੀਂ ਲਿਖੇ ਜਿੰਨੇ ਉਨ੍ਹਾਂ ਨੇ ਲਿਖੇ। ਇਕ ਵਾਰ ਮੋਹਨ ਸਿੰਘ ਕਹਿਣ ਲੱਗੇ ਮਨਜੀਤ ਟਿਵਾਣਾ ਦਾ ਰੰਗ ਇਹੋ ਜਿਹਾ, ਜਿਵੇਂ ਰੰਮ ਵਿੱਚ ਅਫੀਮ ਘੋਲੀ ਹੋਵੇ। ਦੇਖੋ ਇਸ ਬਿਆਨ ਵਿੱਚ ਕੀ ਕੁਝ ਘੁਲਿਆ ਹੋਇਆ ਹੈ।[4] ਕਿਸੇ ਕਵੀ ਦੀ ਕਲਾ ਦੀ ਅਜਿਹੀ ਪਰਖ਼-ਪੜਚੋਲ ਕੋਈ ਚਿੰਤਨਸ਼ੀਲ ਕਵੀ ਹੀ ਕਰ ਸਕਦਾ ਹੈ ਜਿਸ ਨੂੰ ਕਵਿਤਾ ਲਈ ਜ਼ਰੂਰੀ ਤਸੱਵਰ ਅਤੇ ਵਲਵਲਿਆਂ ਦਾ ਗਿਆਨ ਹੋਵੇ। ਇਸ ਢੰਗ ਨਾਲ਼ ਅਜਿਹੀਆਂ ਟਿੱਪਣੀਆਂ ਲੇਖਕ ਦੀ ਆਪਣੀ ਉਚਤਮ ਚਿੰਤਨਸ਼ੀਲਤਾ ਨੂੰ ਸਿੱਧ ਕਰਦੀਆਂ ਹਨ।

ਨਾਮਵਰ ਵਿਅਕਤੀਆਂ ਨਾਲ਼ ਸਬੰਧਤ ਇਹਨਾਂ ਰਚਨਾਵਾਂ ਵਿੱਚ ਅਜਿਹੇ ਵਿਅਕਤੀਆਂ ਬਾਰੇ ਰਚਨਾਵਾਂ ਵੀ ਹਨ ਜੋ ਉਮਰ ਪੱਖੋਂ ਲੇਖਕ ਦੇ ਹਾਣ ਦੇ ਹਨ। ਅਜਿਹੇ ਵਿਅਕਤੀਆਂ ਬਾਰੇ ਲਿਖਦੇ ਹੋਏ ਲੇਖਕ ਸੁਰਜੀਤ ਪਾਤਰ ਦਾ ਇਕ ਵੱਖਰਾ ਰੂਪ ਸਾਹਮਣੇ ਆਉਂਦਾ ਹੈ। ਦੋਸਤਾਂ ਦੀਆਂ ਮਹਿਫ਼ਲਾਂ ਵਿੱਚ ਸਹਿਜ-ਸੁਭਾ ਵਿਚਰਦਾ ਪਾਤਰ ਆਪਣੇ ਦੋਸਤਾਂ ਬਾਰੇ

ਲਿਖਣ ਲੱਗਿਆਂ ਉਹਨਾਂ ਦੇ ਗੁਣਾਂ-ਔਗੁਣਾਂ ਅਤੇ ਕਲਾਕਾਰੀਆਂ ਨੂੰ ਇਕ ਪਾਰਖੂ ਨਜ਼ਰ ਨਾਲ਼ ਘੋਖਦਾ ਹੈ। ਦੋਸਤ-ਮਿੱਤਰ ਵਾਂਗ ਪ੍ਰਾਪਤ ਕੀਤੇ ਅਨੁਭਵ ਜਦ ਇਕ ਸਾਹਿਤਕਾਰ ਦੀ ਕਲਮ ਵਿੱਚੋਂ ਪ੍ਰਗਟ ਸ਼ਬਦਾਂ ਦਾ ਰੂਪ ਲੈਂਦੇ ਹਨ ਤਾਂ ਸੱਚਮੁਚ ਵਾਰਤਕ ਵੀ ਕਵਿਤਾ ਅਤੇ ਗੀਤਾਂ ਵਾਂਗ ਹੀ ਲੈਅਬੱਧ ਹੁੰਦੀ ਹੈ। ਉਹ ਅਮਰਜੀਤ ਗਰੇਵਾਲ ਬਾਰੇ ਲਿਖਦਾ ਹੈ, ਸਰਕਾਰਾਂ, ਪਾਰਟੀਆਂ, ਕਵੀਆਂ, ਸਿਧਾਤਾਂ ਨੂੰ ਲੈ ਕੇ ਬੜੀਆਂ ਖ਼ੂੰਖ਼ਾਰ ਬਹਿਸਾਂ ਨੇ ਸਾਡੀਆਂ ਸ਼ਾਮਾਂ ਨੂੰ ਸਵੇਰਿਆਂ ਵਿੱਚ ਬਦਲਿਆ ਹੈ ਤੇ ਸਵੇਰਿਆਂ ਨੂੰ ਸ਼ਾਮਾਂ ਵਿੱਚ। ਉਸ ਨਾਲ਼ ਕਿਸੇ ਬਹਿਸ ਵਿੱਚ ਪੈ ਕੇ ਹੀ ਤੁਸੀਂ ਉਸ ਦੀ ਸ਼ਖ਼ਸੀਅਤ ਨੂੰ ਪੂਰੀ ਤਰ੍ਹਾਂ ਜਾਣ ਸਕਦੇ ਹੋ। ਉਹ ਸੰਕਲਪਾਂ ਤੇ ਸਿਧਾਤਾਂ ਬਾਰੇ ਸਾਡੇ ਬਹੁਤ ਸਾਰੇ ਆਲੋਚਕਾਂ ਨਾਲੋਂ ਵਧੇਰੇ ਸਪਸ਼ਟ ਹੈ। ਨਵੀਨ ਗਿਆਨ-ਪ੍ਰਬੰਧਾਂ ਬਾਰੇ ਸਾਡੇ ਸਭ ਤੋਂ ਵੱਧ ਸਚੇਤ ਸਾਹਿਤ-ਚਿੰਤਕਾਂ ਵਿੱਚ ਉਸ ਦਾ ਨਾਮ ਸ਼ੁਮਾਰ ਹੁੰਦਾ ਹੈ।[5] ਇਸ ਤਰ੍ਹਾਂ ਦੀਆਂ ਟਿੱਪਣੀਆਂ ਨੂੰ ਪੜ੍ਹ ਕੇ ਪਾਠਕ ਉਸ ਦੀ ਦੋਸਤੀ ਅਤੇ ਆਪਣੇਪਣ ਦਾ ਅਸਲ ਅਹਿਸਾਸ ਮਹਿਸੂਸ ਕਰਦਾ ਹੈ ਕਿਉਂਕਿ ਅਜਿਹੀਆਂ ਸੱਚੀਆਂ ਟਿੱਪਣੀਆਂ ਕੇਵਲ ਇਕ ਮਿੱਤਰ ਹੀ ਕਰ ਸਕਦਾ ਹੈ। ਇਸ ਪੁਸਤਕ ਵਿਚਲੀ ਇਕ ਰਚਨਾ ਸ਼ੀਸ਼ੇ ਤੇ ਚਿਹਰੇ ਵਿੱਚ ਉਹ ਮਸ਼ਹੂਰ ਕਵੀ ਜੌਹਨ ਕੀਟਸ ਬਾਰੇ ਦੱਸਦਾ ਹੈ ਉਸ ਦੀ ਮੌਤ ਦਾ ਕਾਰਨ ਉਸ ਦੁਆਰਾ ਕਿਸੇ ਪੱਤ੍ਰਿਕਾ ਵਿੱਚ ਆਪਣੀ ਰਚਨਾ ਬਾਰੇ ਗ਼ਲਤ ਅਤੇ ਨਫ਼ਰਤ ਭਰਿਆ ਲੇਖ ਬਣਿਆ ਸੀ। ਇਸ ਵਿਚਾਰ ਚਰਚਾ ਤੋਂ ਬਾਅਦ ਉਸ ਲੇਖ ਵਿੱਚ ਉਹ ਆਪਣੀ ਮਾਨਸਿਕਤਾ ਦੀ ਚਰਚਾ ਕਰਦਾ ਹੈ ਤੇ ਲਿਖਦਾ ਹੈ, ਜਦੋਂ ਕਿਸੇ ਦੇ ਮੂੰਹੋਂ ਆਪਣੇ ਖ਼ਿਲਾਫ਼ ਕੋਈ ਬੋਲ ਸੁਣਦਾ ਹਾਂ ਜਾਂ ਲਿਖਿਆ ਹੋਇਆ ਪੜ੍ਹਦਾ ਹਾਂ ਤੇ ਅੰਦਰੋ ਅੰਦਰ ਬੜਾ ਤੜਪਦਾ ਹਾਂ। ਵਿੱਸ ਘੋਲਦਾ ਹਾਂ, ਗੁੱਰਾਉਂਦਾ ਹਾਂ, ਘੁਰਕਦਾ ਹਾਂ, ਚਿੰਘਾੜਦਾ ਹਾਂ, ਹੂੰਗਦਾ ਹਾਂ, ਕੁਰਲਾਉਂਦਾ ਹਾਂ। ਯਾਨੀ ਕਈ ਜੂਨਾਂ ਪਲਟਦਾ ਹਾਂ। ਲਿਖਣ ਵਾਲੇ ਨਾਲ ਖ਼ਫ਼ਾ ਹੋ ਜਾਂਦਾ ਹਾਂ ਪਰ ਜਲਦੀ ਹੀ ਮੈਨੂੰ ਨਿਦਾ ਫ਼ਾਜ਼ਲੀ ਦਾ ਸ਼ੇਅਰ ਯਾਦ ਆ ਜਾਂਦਾ ਹੈ:

> ਅਪਨਾ ਚਿਹਰਾ ਨ ਬਦਲਾ ਗਯਾ,
> ਆਈਨੇ ਸੇ ਖ਼ਫ਼ਾ ਹੋ ਗਏ

ਸੋਚਦਾ ਹਾਂ : ਐ ਮਨਾ, ਤੇਰੇ ਖਿਲਾਫ਼ ਲਿਖਣ ਬੋਲਣ ਵਾਲਾ ਤਾਂ ਆਈਨਾ ਹੈ, ਉਸਨੇ ਤੈਨੂੰ ਤੇਰਾ ਬਦਸੂਰਤ ਚਿਹਰਾ ਦਿਖਾਇਆ ਤਾਂ ਤੂੰ ਸ਼ੀਸ਼ੇ ਨਾਲ ਗੁੱਸੇ ਹੋ ਗਿਆ।

ਸ਼ੀਸ਼ੇ ਨਾਲ ਗੁੱਸੇ ਨਾ ਹੋ
ਹੋ ਸਕੇ ਤਾਂ ਆਪਣਾ ਚਿਹਰਾ ਬਦਲ।

ਚਿਹਰੇ ਦੀ ਗਰਦ ਸਾਫ਼ ਕਰ।[6]

ਸੁਰਜੀਤ ਪਾਤਰ ਆਪਣੇ ਆਪ ਬਾਰੇ ਟਿੱਪਣੀਆਂ ਵੀ ਇਹਨਾਂ ਸਤਰਾਂ ਵਿੱਚ ਕਰ ਰਿਹਾ ਹੈ। ਇਹਨਾਂ ਸਤਰਾਂ ਵਿੱਚ ਇਕ ਤਾਂ ਉਹ, ਸ਼ਖ਼ਸੀਅਤ ਹੈ ਜਿਸ ਬਾਰੇ ਸੁਰਜੀਤ ਪਾਤਰ ਆਪ ਦੱਸਦਾ ਹੈ ਤੇ ਦੂਜੇ ਪਾਸੇ ਉਸ ਦੀਆਂ ਲਿਖੀਆਂ ਵਾਰਤਕ ਦੀਆਂ ਸਤਰਾਂ ਵਿੱਚ ਘੁਲੇ ਕਵਿਤਾਵਾਂ ਦੇ ਮਿਸਰੇ ਉਸ ਦੀ ਵਾਰਤਕ ਰਚਨਾ ਵਿਚਲੀ ਕਮਾਲ ਦੀ ਕਰਾਮਾਤ ਪੇਸ਼ ਕਰ ਰਹੇ ਹਨ। ਉਸ ਦੀ ਇਸ ਕਰਾਮਾਤੀ ਕਲਾ ਦੀ ਗੱਲ ਹਰਮੀਤ ਅਟਵਾਲ ਨੇ ਆਪਣੇ ਲੇਖ ਵਿੱਚ ਵੀ ਕੀਤੀ ਹੈ। ਉਹ ਲਿਖਦਾ ਹੈ, ਸੁਰਜੀਤ ਪਾਤਰ ਦੀ ਵਾਰਤਕ ਰਚਨਾ ਵਿਚਲੇ ਕਮਾਲ ਦੀ ਕਰਾਮਾਤ ਇਨ੍ਹਾਂ ਸਤਰਾਂ ਵਿੱਚੋਂ ਸਹਿਜੇ ਹੀ ਵਾਚੀ-ਸਮਝੀ ਜਾ ਸਕਦੀ ਹੈ ਜਿਨ੍ਹਾਂ ਵਿੱਚ ਉਸ ਦੀ ਵਾਰਤਕ ਸ਼ੈਲੀ ਤੇ ਉਸ ਦੀ ਕਾਵਿ ਸ਼ੈਲੀ ਇੱਕ ਦੂਜੀ ਦੇ ਬਾਖ਼ੂਬੀ ਅੰਗ ਸੰਗ ਹਨ।[7]

ਵਿਸ਼ੇ ਅਤੇ ਵਿਧਾ ਦੇ ਆਧਾਰ 'ਤੇ ਇਸ ਪੁਸਤਕ ਦੀਆਂ ਰਚਨਾਵਾਂ ਨੂੰ ਜਿਸ ਦੂਜੇ ਵਿਧਾ ਰੂਪ ਵਿੱਚ ਵੰਡਿਆ ਗਿਆ ਹੈ ਉਹ ਸਫ਼ਰਨਾਮਾ ਹੈ। ਲੇਖਕ ਨੇ ਕਵਿਤਾ ਦੇ ਤੀਰਥ ਮੈਦੇਯਿਨ (ਕੋਲੰਬੀਆ), ਚੀਨ, ਫ਼ਰੈਂਕਫ਼ਰਟ, ਭੁਵਨੇਸ਼ਵਰ ਅਤੇ ਭੋਪਾਲ ਆਦਿ ਥਾਵਾਂ ਦੇ ਸਾਹਿਤਕ ਮੇਲਿਆਂ ਜਾਂ ਕਵਿਤਾ ਉਤਸਵਾਂ ਵਿੱਚ ਕੀਤੀ ਸ਼ਿਰਕਤ ਅਤੇ ਉਸ ਥਾਂ ਤਕ ਕੀਤੇ ਸਫ਼ਰ ਦਾ ਬਿਓਰਾ ਇਹਨਾਂ ਰਚਨਾਵਾਂ ਵਿੱਚ ਕਲਮਬੱਧ ਕੀਤਾ ਹੈ। ਇਹਨਾਂ ਵਾਰਤਕ ਰਚਨਾਵਾਂ ਵਿੱਚ ਸੁਰਜੀਤ ਪਾਤਰ ਦੀ ਵਿਲੱਖਣ ਵਾਰਤਕ ਸ਼ੈਲੀ ਦੀ ਝਲਕ ਮਿਲਦੀ ਹੈ ਅਤੇ ਨਾਲ਼ ਹੀ ਉਹਨਾਂ ਥਾਵਾਂ ਦੀ ਸਾਹਿਤਕ ਮਹੱਤਤਾ ਦੇ ਨਾਲ਼ ਭੂਗੋਲਿਕ ਵਿਸ਼ੇਸ਼ਤਾਵਾਂ ਦੀ ਜਾਣਕਾਰੀ ਵੀ ਮਿਲਦੀ ਹੈ। ਉਹਨਾਂ ਸਾਹਿਤਕ ਮੇਲਿਆਂ ਵਿੱਚ ਲੇਖਕ ਇਕ ਕਵੀ ਵਜੋਂ ਸ਼ਿਰਕਤ ਕਰਦਾ ਹੈ ਅਤੇ ਉਸ ਥਾਂ ਦੇ ਸਾਹਿਤਕ ਵਰਤਾਰਿਆਂ ਬਾਬਤ ਪ੍ਰਾਪਤ ਕੀਤੇ ਅਨੁਭਵਾਂ ਨੂੰ ਆਪਣੀ ਜ਼ਿਹਨੀਅਤ ਅਮੀਰੀ ਅਨੁਸਾਰ ਇਹਨਾਂ ਰਚਨਾਵਾਂ ਵਿੱਚ ਕਲਾਤਮਕ ਢੰਗ ਨਾਲ਼ ਸ਼ਾਮਲ ਕੀਤਾ ਹੈ। "ਕਵਿਤਾ ਦੇ ਤੀਰਥ" ਰਚਨਾ ਵਿੱਚ ਮੈਦੇਯਿਨ (ਕੋਲੰਬੀਆ) ਵਿੱਚ ਹੋਏ ਕਵਿਤਾ ਮੇਲੇ ਬਾਰੇ ਉਹ ਵਿਸਥਾਰ ਵਿੱਚ ਦੱਸਦਾ ਹੈ। ਉਸ ਨੂੰ ਕੋਲੰਬੀਆ ਤੋਂ ਮਿਲੇ ਸੱਦਾ-ਪੱਤਰ ਅਤੇ ਉਥੋਂ ਦੇ ਮਾਹੌਲ ਕਾਰਨ ਪਹਿਲਾਂ ਤਾਂ ਉਹ ਦੁਚਿੱਤੀ ਵਿੱਚ ਹੀ ਫ਼ੈਸਲਾ ਲੈਂਦਾ ਹੈ। ਪਰ ਉਥੇ ਜਾ ਕੇ ਉਸਨੂੰ ਇਕ ਵੱਖਰਾ ਹੀ ਅਨੁਭਵ ਪ੍ਰਾਪਤ ਹੁੰਦਾ ਹੈ। ਸਪੇਨਿਸ਼ ਲੋਕਾਂ ਦੀ ਸਾਹਿਤ ਵਿੱਚ ਰੁਚੀ ਉਸ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ। ਇਸ ਮੇਲੇ ਵਿੱਚ ਆਪਣੀਆਂ ਕਵਿਤਾਵਾਂ ਪੜ੍ਹੇ ਜਾਣ ਦੇ ਸਮੇਂ ਬਾਰੇ ਉਹ ਲਿਖਦਾ ਹੈ, ਆਪਣੀ ਪਹਿਲੀ ਰੀਡਿੰਗ ਵੇਲੇ ਹੀ

ਮੈਨੂੰ ਬੜੀ ਸ਼ਿੱਦਤ ਨਾਲ਼ ਤਿੰਨ ਗੱਲਾਂ ਦਾ ਅਹਿਸਾਸ ਹੋਇਆ। ਇਕ ਇਹ ਕਿ ਮੇਰੀਆਂ ਕਵਿਤਾਵਾਂ ਦਾ ਸਪੇਨਿਸ਼ ਉਚਾਰਣਹਾਰ ਹਾਈਮੇ ਐਂਦਰਿਸ ਕਵਿਤਾ ਨੂੰ ਬਹੁਤ ਅਹਿਸਾਸ ਨਾਲ਼ ਪੜ੍ਹਦਾ ਹੈ। ਦੂਜਾ ਇਹ ਕਿ ਸਪੇਨਿਸ਼ ਸਰੋਤੇ ਕਵਿਤਾ ਦੇ ਮਹਿਰਮ ਹਨ ਤੇ ਕਵਿਤਾ ਨੂੰ ਜੀ ਜਾਨ ਨਾਲ਼ ਸੁਣਦੇ ਹਨ ਤੇ ਉਹ ਬਹੁਤ ਜਜ਼ਬਾਤੀ, ਨਿੱਘੇ ਤੇ ਬੇਬਾਕ ਲੋਕ ਹਨ। ਤੀਜਾ ਇਹ ਕਿ ਸਪੇਨੀ ਬੋਲੀ ਦੀਆਂ ਧੁਨੀਆਂ ਬਹੁਤ ਟੁੰਬਵੀਆਂ ਹਨ। ਸੁਣਨ ਵਾਲੇ ਬਹੁਤੇ ਨੌਜਵਾਨ ਮੁੰਡੇ ਕੁੜੀਆਂ ਸਨ। ਕਿੰਨੇ ਜਣੇ ਮੇਰੇ ਕੋਲ ਆਏ ਤੇ ਮੈਨੂੰ ਕਹਿਣ ਲੱਗੇ ਤੁਸੀਂ ਆਪਣੀ ਲਿਪੀ ਵਿੱਚ ਆਪਣੀ ਕਵਿਤਾ ਸਾਡੀ ਡਾਇਰੀ ਵਿੱਚ ਲਿਖ ਦਿਓ।[8]

ਇਸ ਪੁਸਤਕ ਦੀਆਂ ਰਚਨਾਵਾਂ ਦੀ ਤੀਜੀ ਵਰਗ ਵੰਡ ਸ੍ਵੈ-ਜੀਵਨੀ ਅਤੇ ਸੰਸਮਰਣ ਵਿਧਾ-ਰੂਪ ਵਿੱਚ ਕੀਤੀ ਜਾ ਸਕਦੀ ਹੈ। ਇਹਨਾਂ ਰਚਨਾਵਾਂ ਵਿੱਚ ਲੇਖਕ ਸੁਰਜੀਤ ਪਾਤਰ ਨੇ ਆਪਣੇ ਬਾਰੇ, ਆਪਣੀ ਕਵਿਤਾ ਬਾਰੇ ਅਤੇ ਆਪਣੇ ਸਾਹਿਤਕ ਚਿੰਤਨ ਬਾਰੇ ਯਾਦਾਂ ਅਤੇ ਅਨੁਭਵ ਸਾਂਝੇ ਕੀਤੇ ਹਨ। "ਕਵਿਤਾ ਦਾ ਜਨਮ" ਇਸ ਸਬੰਧ ਵਿੱਚ ਬਹੁਤ ਦਿਲਚਸਪ ਲੇਖ ਸਿੱਧ ਹੁੰਦਾ ਹੈ ਜਿਸ ਵਿੱਚ ਕਵੀ ਸੁਰਜੀਤ ਪਾਤਰ ਆਪਣੀਆਂ ਕਵਿਤਾਵਾਂ ਦੀ ਰਚਨਾ ਪ੍ਰਕ੍ਰਿਆ ਬਾਰੇ ਬੜੇ ਰੌਚਕ ਢੰਗ ਨਾਲ਼ ਲਿਖਦਾ ਹੈ।

ਇਵੇਂ ਮੈਨੂੰ ਇਕ ਹੋਰ ਰਚਨਾ ਬਾਰੇ ਯਾਦ ਹੈ। ਮੈਂ ਇਕ ਸ਼ਾਮ ਲੁਧਿਆਣੇ ਕਚਹਿਰੀ ਦੇ ਅਹਾਤੇ 'ਚੋਂ ਲੰਘ ਰਿਹਾ ਸਾਂ, ਸ਼ੋਰਟ ਕੱਟ ਕਰਨ ਲਈ। ਕਚਹਿਰੀ ਬੰਦ ਹੋ ਚੁੱਕੀ ਸੀ, ਨਾ ਜੱਜ, ਨਾ ਵਕੀਲ, ਨਾ ਮੁਵੱਕਲ, ਨਾ ਗਵਾਹ, ਨਾ ਮੁਦੱਈ, ਨਾ ਮੁਲਜ਼ਮ, ਕੋਈ ਨਹੀਂ ਸੀ ਓਥੇ ਉਸ ਵੇਲੇ। ਸਿਰਫ਼ ਵਕੀਲਾਂ ਦੇ ਬੰਦ ਖੋਖੇ ਸਨ ਜਾਂ ਦਰਖ਼ਤ ਸਨ ਟਾਹਲੀਆਂ, ਨਿੰਮਾਂ, ਸ਼ਰੀਂਹ, ਇਕ ਦੋ ਉਨ੍ਹਾਂ 'ਚੋਂ ਸੁੱਕੇ ਹੋਏ। ਮੈਨੂੰ ਅਚਾਨਕ ਲੱਗਾ ਇਹ ਦਰਖ਼ਤ ਨਹੀਂ, ਇਹ ਤਾਂ ਸ਼ਾਮ ਦੇ ਧੁੰਦਲਕੇ ਵਿਚ ਉਹ ਲੋਕ ਹਨ ਜੋ ਇਸ ਅਦਾਲਤ ਵਿਚ ਇਨਸਾਫ ਲੈਣ ਆਏ ਤੇ ਉਡੀਕਦੇ ਉਡੀਕਦੇ ਬਿਰਖ ਹੋ ਗਏ। ਜਦੋਂ ਫ਼ੈਸਲਾ ਸੁਣਾਇਆ ਗਿਆ ਤਾਂ ਐਸਾ ਸੀ ਕਿ ਸੁਣ ਕੇ ਦਰਖ਼ਤਾਂ ਦੀ ਹਰਿਆਵਲ ਸੁੱਕ ਗਈ । ਇਹ ਗ਼ਜ਼ਲ ਏਥੋਂ ਹੀ ਸ਼ੁਰੂ ਹੋਈ :

ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ
ਫ਼ੈਸਲੇ ਸੁਣਦਿਆਂ ਸੁਣਦਿਆਂ ਸੁਕ ਗਏ
ਆਖੋ ਏਨ੍ਹਾਂ ਨੂੰ ਉਜੜੇ ਘਰੀਂ ਜਾਣ ਹੁਣ
ਇਹ ਕਦੋਂ ਤੀਕ ਏਥੇ ਖੜੇ ਰਹਿਣਗੇ [9]

ਇਸ ਤੋਂ ਅੱਗੇ ਵੀ ਉਹ ਇਸੇ ਗ਼ਜ਼ਲ ਨੂੰ ਮੁਕੰਮਲ ਕਰਨ ਬਾਰੇ ਹੋਰ ਜਾਣਕਾਰੀ ਦਿੰਦਾ ਹੈ। ਲਿਖਦਾ ਹੈ।

ਆਪਣੇ ਘਰ ਵੱਲ ਆਉਂਦਿਆਂ ਇਸ ਨਾਲ ਹੋਰ ਸ਼ੇਅਰ ਜੁੜਦੇ ਗਏ :

ਕੀ ਇਹ ਇਨਸਾਫ਼ ਹਉਮੈ ਦੇ ਪੁੱਤ ਕਰਨਗੇ
ਕੀ ਇਹ ਖ਼ਾਮੋਸ਼ ਪੱਥਰ ਦੇ ਬੁੱਤ ਕਰਨਗੇ
ਜੋ ਸਲੀਬਾਂ ਤੇ ਟੰਗੇ ਨੇ ਲੱਥਣੇ ਨਹੀਂ

ਇਹ ਵੀ ਸ਼ਾਇਦ ਇਨ੍ਹਾਂ ਸ਼ੇਅਰਾਂ ਦੀ ਰਚਨਾ ਵਿਚ ਗੁਆਚਿਆ ਹੀ ਮੈਂ ਆਪਣੇ ਕਮਰੇ ਵਿਚ ਪਹੁੰਚ ਗਿਆ ਸੀ ਤੇ ਇਸ ਦਾ ਆਖ਼ਰੀ ਸ਼ੇਅਰ ਮੈਂ ਬਿਨਾਂ ਲਾਈਟ ਜਗਾਇਆ ਕਮਰੇ ਦੇ ਮੂੰਹ-ਹਨ੍ਹੇਰੇ ਵਿਚ ਹੀ ਲਿਖਿਆ ਸੀ:

ਮੇਰਾ ਆਪਣਾ ਵਹਿਮ ਹੈ
ਕੋਈ ਦੀਵਾ ਬਲੇਗਾ ਮੇਰੀ ਕਬਰ ਤੇ
ਜੇ ਹਵਾ ਇਹ ਰਹੀ, ਕਬਰਾਂ ਉੱਤੇ ਤਾਂ ਕੀ
ਸਭ ਘਰਾਂ 'ਚ ਵੀ ਦੀਵੇ ਬੁਝੇ ਰਹਿਣਗੇ

ਮਤਲਾ ਮੈਂ ਦੂਜੀ ਸਵੇਰ ਲਿਖਿਆ ਸੀ:

ਕੁਛ ਕਿਹਾ ਤਾਂ ਹਨੇਰਾ ਜਰੇਗਾ ਕਿਵੇਂ
ਚੁਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ
ਗੀਤ ਦੀ ਮੌਤ ਇਸ ਰਾਤ ਜੇ ਹੋ ਗਈ
ਮੇਰਾ ਜੀਣਾ ਮੇਰੇ ਯਾਰ ਕਿੰਜ ਸਹਿਣਗੇ[10]

ਲੇਖਕ ਨੇ ਕਿੰਨੇ ਸਾਦੇ ਸ਼ਬਦਾਂ ਵਿੱਚ ਕਿੰਨੇ ਆਮ ਜਿਹੇ ਢੰਗ ਨਾਲ਼ ਆਪਣੇ ਚਿੰਤਨਸ਼ੀਲ ਜ਼ਿਹਨ ਨੂੰ ਪਾਠਕ ਸਾਹਮਣੇ ਖੋਲਿਆ ਹੈ। ਪਹਿਲਾਂ ਉਸ ਦੀਆਂ ਗ਼ਜ਼ਲਾਂ ਦਾ ਸਾਦਾਪਣ ਅਤੇ ਫਿਰ ਉਹਨਾਂ ਰਚਨਾਵਾਂ ਦੀ ਸਿਰਜਣ ਢੰਗ ਬਾਰੇ ਉਸ ਦਾ ਆਪਣਾ ਬਿਆਨ ਉਸ ਦੀ ਵਾਰਤਕ ਰਚਨਾ ਨੂੰ ਵੀ ਬੇਮਿਸਾਲ ਬਣਾ ਦਿੰਦਾ ਹੈ। ਉਸਨੇ ਆਪਣੇ ਜੀਵਨ ਨਾਲ਼ ਸਬੰਧਤ ਇਹ ਵਾਰਤਕ ਰਚਨਾਵਾਂ ਇਸ ਢੰਗ ਨਾਲ਼ ਹੀ ਲਿਖੀਆਂ ਹਨ ਕਿ ਪਾਠਕ ਨੂੰ ਉਸ ਦੀ ਸ਼ਖ਼ਸੀਅਤ ਅਤੇ ਹਲੀਮੀ ਉਹਨਾਂ ਸ਼ਬਦਾਂ ਵਿੱਚ ਵੀ ਦਿਸ ਜਾਂਦੀ ਹੈ। ਇਸ ਪੁਸਤਕ ਵਿੱਚ

ਉਸ ਦੇ ਜੀਵਨ ਨਾਲ ਸਬੰਧਤ ਹੋਰ ਲੇਖ "ਕਪੂਰਥਲੇ ਦੇ ਦਿਨ", "ਮੇਰਾ ਪਰਵਾਰ ਤੇ ਮੇਰੀ ਕਵਿਤਾ" ਅਤੇ "ਸ਼ਹਿਰ ਜਿਥੇ ਮੈਂ ਬਿਰਖ ਬਣਿਆ" ਜ਼ਿਕਰਯੋਗ ਹਨ।

ਇਸ ਪੁਸਤਕ ਦੀ ਅਗਲੀ ਵਰਗ ਵੰਡ ਅਨੁਸਾਰ ਲੇਖਕ ਨੇ ਇਸ ਵਿੱਚ ਕੁਝ ਨਿਬੰਧ ਵੀ ਸ਼ਾਮਲ ਕੀਤੇ ਹਨ। ਇਹ ਰਚਨਾਵਾਂ ਅਸਲ ਵਿੱਚ ਪੰਜਾਬੀ ਭਾਸ਼ਾ ਨਾਲ ਪਿਆਰ, ਕਵਿਤਾ ਤੇ ਗ਼ਜ਼ਲ ਰਚਣ ਪ੍ਰਕ੍ਰਿਆ ਅਤੇ ਅਸੂਲ, ਕੁਦਰਤ ਵਿਚਲਾ ਸੰਗੀਤ ਅਤੇ ਯੂਨਾਨੀ ਸਾਹਿਤ ਸਬੰਧੀ ਨਿਬੰਧ ਹਨ। "ਅੰਕੂ ਦੇ ਨਰਸਰੀ ਗੀਤ" ਨਿਬੰਧ ਵਿੱਚ ਲੇਖਕ ਨੇ ਅੰਗਰੇਜ਼ੀ ਬਾਲ ਕਵਿਤਾਵਾਂ ਦਾ ਪੰਜਾਬੀ ਤਰਜਮਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। "ਸੰਗੀਤ ਪਰਥਾਏ" ਵਿੱਚ ਲੇਖਕ ਦੀ ਕਲਾ ਪ੍ਰਤਿ ਸੂਖ਼ਮ ਸਮਝ ਸਾਹਮਣੇ ਆਉਂਦੀ ਹੈ। ਕੁਦਰਤ ਬ੍ਰਹਿਮੰਡ ਦਾ ਸੰਗੀਤ, ਇਸ਼ਕ ਦਾ ਸੰਗੀਤ, ਪਿਆਰ, ਗੁੱਸੇ, ਦੁੱਖ ਤੇ ਨਫ਼ਰਤ ਵਿਚਲਾ ਸੰਗੀਤ ਅਤੇ ਸਭਿਆਚਾਰਕ ਧੁਨਾਂ ਨੂੰ ਸਮਝ ਕੇ ਅਤੇ ਇਹਨਾਂ ਲੇਖਾਂ ਵਿੱਚ ਸ਼ਾਮਲ ਕਰ ਲੇਖਕ ਇਕ ਅਲੌਕਿਕ ਸੰਸਾਰ ਵਿੱਚ ਲੈ ਜਾਂਦਾ ਹੈ। ਇਸ ਪੁਸਤਕ ਦੇ ਅੰਤ ਵਿੱਚ ਦੋ ਸਮੀਖਿਆ ਲੇਖ ਸ਼ਾਮਲ ਕੀਤੇ ਗਏ ਹਨ ਜਿਹਨਾਂ ਵਿੱਚ ਪ੍ਰੋ. ਮੋਹਨ ਸਿੰਘ ਅਤੇ ਪ੍ਰੋ. ਪੂਰਨ ਸਿੰਘ ਦੀਆਂ ਰਚਨਾਵਾਂ ਦੀ ਸਮੀਖਿਆ ਲੇਖਕ ਸੁਰਜੀਤ ਪਾਤਰ ਵੱਲੋਂ ਕੀਤੀ ਗਈ ਹੈ। ਇਕ ਲੇਖ ਵਿੱਚ ਪ੍ਰੋ. ਮੋਹਨ ਸਿੰਘ ਦੀ ਕਾਵਿ ਕਲਾ ਬਾਰੇ ਲਿਖਦਾ ਹੈ ਕਿ ਕਿਵੇਂ ਮੋਹਨ ਸਿੰਘ ਕੋਲ ਇਹ ਹੁਨਰ ਸੀ ਕਿ ਉਹ ਆਮ ਜਿਹੀ ਸ਼ਬਦਾਵਲੀ ਨਾਲ ਵੀ ਖ਼ਾਸ ਪ੍ਰਭਾਵ ਪਾਉਣ ਵਾਲੀ ਕਵਿਤਾ ਰਚਦਾ ਸੀ। ਪ੍ਰੋ. ਮੋਹਨ ਸਿੰਘ ਅਣਗੌਲੀਆਂ ਚੀਜ਼ਾਂ ਦਾ ਚਿਤੇਰਾ ਹੈ। ਉਹ ਸੁੱਟ ਪਸੁੱਟੇ ਸ਼ਬਦਾਂ ਨੂੰ ਚੁੱਕ ਕੇ ਆਪਣੀ ਸ਼ਾਇਰੀ ਵਿਚ ਮੋਤੀਆਂ ਵਾਂਗ ਜੜਦਾ ਹੈ। ਉਸ ਦਾ ਪ੍ਰਗਤੀਵਾਦ ਨਾਅਰੇ ਵਾਲੀਆਂ ਕਵਿਤਾਵਾਂ ਵਿਚ ਨਹੀਂ, ਥੇਹ ਵਰਗੀਆਂ ਕਵਿਤਾਵਾਂ ਵਿਚ ਹੈ।

ਥਾਂ ਥਾਂ ਰੁਲਣ ਵੰਗਾਂ ਦੇ ਟੋਟੇ, ਟੁੱਟੀਆਂ ਟਿੰਡਾਂ, ਥੋੜੇ ਲੋਟੇ
ਤਿੜਕੇ ਬੀੜੇ, ਧੇਲੇ ਖੱਟੇ, ਚਿੱਬ ਖੜਿੱਬੇ ਪੌਲੇ...

ਇਹ ਰੁਲ ਰਹੇ ਥੋੜੇ ਲੋਟੇ, ਟੁੱਟੀਆਂ ਟਿੰਡਾਂ, ਤਿੜਕੇ ਬੀੜੇ, ਖੋਟੇ ਧੇਲੇ, ਨਿੱਬ ਖੜਿੱਬੇ ਪੋਲੇ, ਪੁਰਾਣੇ ਨਾਅਲ, ਕਾਣੇ ਘੋਗੇ, ਮਲ੍ਹਿਆਂ ਵਿਚ ਫਸੇ ਪਾਟੇ ਹੋਏ ਪਹਿਲੇ ਸਾਡੇ ਮਨ ਵਿਚ ਪਤਾ ਨਹੀਂ ਕੀ ਕੀ ਜਗਾਉਂਦੇ ਹਨ। ਜ਼ਿੰਦਗੀ, ਮੌਤ, ਆਮ ਲੋਕ, ਉਨ੍ਹਾਂ ਦਾ ਮੋਹ, ਨਿੱਕੀਆਂ ਨਿੱਕੀਆਂ ਗੱਲਾਂ ਦੀਆਂ ਵੱਡੀਆਂ ਖੁਸ਼ੀਆਂ। ਇਸ ਕਮਾਲ ਦੀ ਕਵਿਤਾ ਵਿਚ ਮੋਹਨ ਸਿੰਘ ਦੀ ਸ਼ਿਲਪ, ਉਸ ਦਾ ਨਿਗੂਣੀਆਂ ਚੀਜ਼ਾਂ ਪ੍ਰਤੀ ਅੰਤਾਂ ਦਾ ਮੋਹ, ਉਸ ਦਾ ਬਰੀਕ ਅਵਲੋਕਨ,

ਉਸ ਦਾ ਆਮ ਅਤੇ ਅਵਾਮ ਪ੍ਰਤੀ ਸਨੇਹ ਬਹੁਤ ਸਹਿਜ ਤੇ ਪ੍ਰਮਾਣਿਕਤਾ ਨਾਲ ਪਰਗਟ ਹੁੰਦਾ ਹੈ।[11]

ਇਸੇ ਤਰ੍ਹਾਂ ਪ੍ਰੋ. ਪੂਰਨ ਸਿੰਘ ਦੀਆਂ ਕਵਿਤਾਵਾਂ ਬਾਰੇ ਵੀ ਲੇਖਕ ਨੇ ਬਹੁਤ ਪ੍ਰਭਾਵਸ਼ੀਲ ਚੇਤਨ ਦ੍ਰਿਸ਼ਟੀ ਨਾਲ਼ ਸਮੀਖਿਆ ਕੀਤੀ ਹੈ। ਉਸ ਨੂੰ ਖੁਲ੍ਹੀ ਕਵਿਤਾ ਦੀ ਲੈਅਬੱਧਤਾ ਛੰਦਬੱਧ ਕਵਿਤਾ ਵਾਂਗ ਸਪੱਸ਼ਟ ਸੁਣਦੀ ਹੈ ਅਤੇ ਇਹੀ ਪ੍ਰਭਾਵ ਉਹ ਪਾਠਕ ਤਕ ਪਹੁੰਚਾਉਣ ਲਈ ਤਤਪਰ ਦਿਸਦਾ ਹੈ। ਸੁਰਜੀਤ ਪਾਤਰ ਦੇ ਸ਼ਬਦਾਂ ਵਿੱਚ, ਮੈਂ ਸਮਝਦਾ ਹਾਂ ਖੁੱਲ੍ਹੀ ਕਵਿਤਾ ਅਤੇ ਛੰਦਬੱਧ ਕਵਿਤਾ ਦਾ ਆਪੋ ਆਪਣਾ ਜਾਦੂ ਹੈ। ਸੁਹਜ ਸਿਰਜਣ ਦੇ ਇਹ ਦੋ ਵੱਖਰੇ ਤਰੀਕੇ ਹਨ। ਜੇ ਪੂਰਨ ਸਿੰਘ ਹੋਰਾਂ ਦੇ ਕਾਵਿ ਨੂੰ ਜ਼ੋਰ ਜਬਰ ਨਾਲ ਛੰਦ ਵਿਚ ਬੰਨ੍ਹ ਦੇਈਏ ਤਾਂ ਇਸਦਾ ਅੱਧਿਓਂ ਬਹੁਤਾ ਹੁਸਨ ਖ਼ਤਮ ਹੋ ਜਾਏਗਾ। ਦੂਜੇ ਪਾਸੇ ਛੰਦ ਵਿਚ ਲਿਖਣ ਵਾਲਿਆਂ ਲਈ ਛੰਦ ਏਨਾ ਹੀ ਸਹਿਜ ਹੁੰਦਾ ਹੈ ਜਿੰਨੀ ਭਾਸ਼ਾ ਬੋਲਣ ਵਾਲਿਆਂ ਲਈ ਵਿਆਕਰਣ।[12]

ਇਸ ਵਿਚਾਰ ਚਰਚਾ ਤੋਂ ਇਸ ਸਿੱਟੇ 'ਤੇ ਪੁੱਜਿਆ ਜਾ ਸਕਦਾ ਹੈ ਕਿ ਸੁਰਜੀਤ ਪਾਤਰ ਦੀ ਸ਼ਖ਼ਸੀਅਤ ਬੇਮਿਸਾਲ ਹੈ। ਉਹ ਪੰਜਾਬੀ ਸਾਹਿਤ ਦਾ ਮਾਣ ਹੈ। ਉਹ ਮਹਾਨ ਕਵੀ ਹੈ ਅਤੇ ਕਾਵਿਕ ਸ਼ੈਲੀ ਵਾਲਾ ਵਾਰਤਕਕਾਰ ਵੀ ਹੈ। ਉਸ ਦੀ ਕਲਮ ਵਿੱਚ ਉਹ ਜਾਦੂ ਹੈ, ਜਿਸ ਨੇ ਹਰ ਪੰਜਾਬੀ ਦਾ ਦਿਲ ਜਿਤਿਆ। ਸੁਰਜੀਤ ਪਾਤਰ ਇੱਕ ਹੋਣਹਾਰ ਅਦੀਬ, ਇਕ ਦਿਲਕਸ਼ ਵਿਅਕਤੀ ਅਤੇ ਇਕ ਮਿਠਬੋਲੜਾ ਬੁਲਾਰਾ ਸੀ। ਉਹ ਆਪਣੀਆਂ ਕਲਾਵਾਂ ਕਾਰਨ ਹਮੇਸ਼ਾ ਅਮਰ ਰਹੇਗਾ।

**ਹਵਾਲੇ**

1. ਸੁਰਜੀਤ ਪਾਤਰ, ਸੂਰਜ ਮੰਦਰ ਦੀਆਂ ਪੌੜੀਆਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2011, ਪੰਨਾ 7
2. ਉਹੀ, ਪੰਨਾ 7
3. ਸੰਦੀਪ ਰਾਣਾ, ਪੰਜਾਬੀ ਡਾਇਰੀ ਸਾਹਿਤ ਰੂਪ ਅਤੇ ਪ੍ਰਕਾਰਜ (ਪੀਐਚ.ਡੀ. ਥੀਸਿਜ਼), 2014, ਪੰਨਾ 229
4. ਸੁਰਜੀਤ ਪਾਤਰ, ਸੂਰਜ ਮੰਦਰ ਦੀਆਂ ਪੌੜੀਆਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2011, ਪੰਨਾ 75

5. ਉਹੀ, ਪੰਨਾ 70

6. ਉਹੀ, ਪੰਨਾ 24

**7.** ਸੁਰਜੀਤ ਪਾਤਰ ਤੇ 'ਸੂਰਜ ਮੰਦਰ ਦੀਆਂ ਪੌੜੀਆਂ' — ਹਰਮੀਤ ਸਿੰਘ ਅਟਵਾਲ, 23 ਮਈ 2024, https://likhari.net/surjit-patar-tey-suraj-mandir-deean-paureeyan-harmeet-singh-atwal/

8. ਸੁਰਜੀਤ ਪਾਤਰ, ਸੂਰਜ ਮੰਦਰ ਦੀਆਂ ਪੌੜੀਆਂ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2011, ਪੰਨਾ 120

9. ਉਹੀ, ਪੰਨਾ 36

10. ਉਹੀ, ਪੰਨਾ 37

11. ਉਹੀ, ਪੰਨਾ 204

12. ਉਹੀ, ਪੰਨਾ 211